# ਹੜ੍ਹ ਸਬੰਧੀ ਤਿਆਰੀ

## ਸੰਖੇਪ ਝਾਤ

ਹੜ੍ਹ ਕੈਨੇਡਾ ਵਿਚ ਅਕਸਰ ਆਉਣ ਵਾਲਾ ਖਤਰਾ ਹਨ ਅਤੇ ਇੰਨ੍ਹਾਂ ਨੇ ਐਲਬਰਟਾ ਦੇ ਕਈ ਖੇਤਰਾਂ ਨੂੰ ਬਰਬਾਦ ਕੀਤਾ ਹੈ। ਵੱਧ ਖਤਰੇ ਵਾਲੇ ਹੜ੍ਹ ਖੇਤਰ ਦਰਿਆਵਾਂ ਦੇ ਕੰਢਿਆਂ ਨਾਲ ਲੱਗਦੇ ਨੀਵੇਂ ਏਰੀਏ ਹਨ, ਜਿੰਨ੍ਹਾਂ ਨੂੰ ਹੜ੍ਹ ਦੇ ਮੈਦਾਨ ਆਖਿਆ ਜਾਂਦਾ ਹੈ।

## ਹੜ੍ਹ ਬਾਰੇ ਤੱਥ

ਹੜ੍ਹ ਸਾਲ ਦੇ ਕਿਸੇ ਵੀ ਸਮੇਂ ਤੇ ਆ ਸਕਦੇ ਹਨ ਅਤੇ ਹੇਠ ਲਿਖਿਆਂ ਦਾ ਨਤੀਜਾ ਹੋ ਸਕਦੇ ਹਨ:

- ਭਾਰੀ ਬਾਰਸ਼, ਖਾਸ ਤੌਰ 'ਤੇ ਜਦੋਂ ਜ਼ਮੀਨ ਅਜੇ ਜੰਮੀ ਹੁੰਦੀ ਹੈ ਜਾਂ ਪਹਿਲਾਂ ਹੀ ਗਿੱਲੀ ਹੁੰਦੀ ਹੈ
- ਬਰਫ ਦਾ ਜੰਮੇ ਰਹਿਣਾ
- ਗਲੇਸ਼ੀਅਰਾਂ ਜਾਂ ਬਰਫ ਦੀਆਂ ਤਹਿਆਂ ਦਾ ਤੇਜ਼ੀ ਨਾਲ ਪਿਘਲਨਾਂ
- ਕੁਦਰਤੀ ਜਾਂ ਮਨੁੱਖ ਦੇ ਬਣਾਏ ਡੈਮ ਦਾ ਫੇਲ੍ਹ ਹੋਣਾ

ਦਰਿਆਵਾਂ ਜਾਂ ਖੱਡਾਂ ਦੇ ਨਾਲ ਲੱਗਦੇ ਨੀਵੇਂ ਏਰੀਆਂ 'ਚ ਹੜ੍ਹ ਦਾ ਖਤਰਾ ਵਧੇਰੇ ਹੁੰਦਾ ਹੈ। ਭਾਰੀ ਬਾਰਸ਼ ਜਾਂ ਡੈਮ ਦਾ ਫੇਲ੍ਹ ਹੋਣਾ ਅਚਾਨਕੀ ਹੜ੍ਹ ਦਾ ਕਾਰਨ ਬਣ ਸਕਦਾ ਹੈ, ਜਿਹੜੇ ਬਿਨਾਂ ਕਿਸੇ ਚੇਤਾਵਨੀ ਤੋਂ, ਝਟਪਟ ਆ ਜਾਂਦੇ ਹਨ।.

## ਵਿੱਤੀ ਤਿਆਰੀ

- ਆਪਣੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਕਿਸੇ ਇੰਸ਼ੋਰੈਂਸ ਏਜੰਟ ਨਾਲ ਗੱਲ ਕਰੋ
- ਆਪਣੀ ਇੰਸ਼ੋਰੈਂਸ ਪਾਲਿਸੀ ਬਾਰੇ ਜਾਣੋ। ਯਕੀਨੀ ਬਣਾਉ ਕਿ ਤੁਹਾਡੀ ਘਰ, ਗੱਡੀ, ਬਿਜ਼ਨਸ ਅਤੇ ਸਮਾਨ ਸੁਰੱਖਿਅਤ ਕੀਤੇ ਹੋਏ ਹਨ।
- ਜੇਕਰ ਸੰਭਵ ਹੋਵੇ ਤਾਂ ਇਕ ਐਮਰਜੈਂਸੀ ਸੇਵਿੰਗ ਅਕਾਊਂਟ ਰੱਖੋ ਜਿਸ ਵਿਚੋਂ ਟੈਂਪਰੇਰੀ ਖਰਚੇ ਕੀਤੇ ਜਾ ਸਕਦੇ ਹੋਣ, ਜਦੋਂ ਤੁਸੀਂ ਆਪਣੇ ਘਰ 'ਚੋਂ ਬਾਹਰ ਹੋਵੋਗੇ।
- ਜੇਕਰ ਤੁਸੀਂ ਕਰ ਸਕਦੇ ਹੋਵੋ ਤਾਂ ਐਮਰਜੈਂਸੀ ਲਈ ਕੁਝ ਨਕਦੀ ਕੋਲ ਰੱਖੋ, ਕਿਸੇ ਹਾਲਤ 'ਚ ਜੇਕਰ ਬੈਂਕ ਸੇਵਾਵਾਂ ਉਪਲਬਧ ਨਾ ਹੋਣ
- ਜੇਕਰ ਤੁਹਾਨੂੰ ਘਰੋਂ ਬਾਹਰ ਕੱਢ ਲਿਆ ਗਿਆ ਹੈ ਤਾਂ ਸਾਰੇ ਵਧੀਕ ਖਰਚਿਆਂ ਦੀਆਂ ਰਸੀਦਾਂ ਸੰਭਾਲ ਕੇ ਰੱਖੋ।
- ਆਪਣੇ ਸਾਰੇ ਸਮਾਨ ਦੀ ਇਕ ਵਿਸਤ੍ਰਿਤ ਲਿਸਟ ਤਿਆਰ ਕਰੋ
- ਹੋਮ ਇੰਸ਼ੋਰੈਂਸ ਦਾ ਕਲੇਮ ਕਰਨ ਵਾਸਤੇ 7 ਪੜਾਵਾਂ ਨੂੰ ਜਾਣੋ

ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਨਾਲ askibcwest@ibc.ca 'ਤੇ ਈਮੇਲ ਰਾਹੀਂ ਜਾਂ 1-844-227-5422 'ਤੇ ਫੋਨ ਕਰਕੇ ਸੰਪਰਕ ਕਰੋ। ਇੰਸ਼ੋਰੈਂਸ ਤਿਆਰੀ ਬਾਰੇ ਵਧੇਰੇ ਜਾਣਕਾਰੀ ਲਈ ਵੇਖੋ ibc.ca..

## ਹੜ੍ਹ ਤੋਂ ਪਹਿਲਾਂ

ਹੜ੍ਹ ਵਾਲੇ ਮੈਦਾਨਾਂ 'ਚ ਹੜ੍ਹ ਤੋਂ ਹੋਣ ਵਾਲੇ ਨੁਕਸਾਨ ਦੀ ਸੰਭਾਵਨਾ ਵੱਡੀ ਹੈ। ਜੇਕਰ ਸੰਭਵ ਹੋਵੇ ਤਾਂ ਉਥੇ ਮੌਜੂਦ ਪ੍ਰਾਪਰਟੀਆਂ ਨੂੰ ਖਰੀਦਣ ਜਾਂ ਕੁਝ ਉਸਾਰਨ ਤੋਂ ਸੰਕੋਚ ਕਰੋ। ਕਿਉਂਕਿ ਹੜ੍ਹ ਆਉਣੇ ਕੇਵਲ ਉਨ੍ਹਾਂ ਖੇਤਰਾਂ ਤੱਕ ਹੀ ਸੀਮਤ ਨਹੀਂ ਅਤੇ ਕਿਤੇ ਵੀ ਆ ਸਕਦੇ ਹਨ, ਇੱਥੇ ਕੁਝ ਗੱਲਾਂ ਦੱਸੀਆਂ ਗਈਆਂ ਹਨ ਜੋ ਤੁਸੀਂ ਤਿਆਰੀ ਵਾਸਤੇ ਵਰਤ ਸਕਦੇ ਹੋ:

### ਤਿਆਰ ਕਿਵੇਂ ਹੋਣਾ ਹੈ

ਵਿਅਕਤੀਆਂ ਅਤੇ ਪਰਿਵਾਰਾਂ ਨੂੰ ਘੱਟੋ ਘੱਟ 72 ਘੰਟਿਆਂ ਲਈ ਆਪਣੇ ਆਪ ਦੀ ਸੰਭਾਲ ਆਪ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਹੇਠ ਲਿਖੇ ਪੜਾਅ ਤੁਹਾਨੂੰ ਆਪਣੀ ਤਿਆਰੀ ਦੀ ਯੋਜਨਾਂ ਬਣਾਉਣ 'ਚ ਮਦਦ ਕਰਨਗੇ।

- ਵਧੇਰੇ ਜਾਣਕਾਰੀ ਲਈ Alberta Rivers: Data and advisories ਐਪ ਡਾਊਨਲੋਡ ਕਰੋ ਜਾਂ rivers.alberta.ca ਵੈੱਬਸਾਈਟ ਵੇਖੋ।
- ਇਕ ਐਮਰਜੈਂਸੀ ਕਿੱਟ ਬਣਾ ਕੇ ਰੱਖੋ ਜਿਸ ਸਪਲਾਈਆਂ ਭਰੀਆਂ ਹੋਣ ਜਿਵੇਂ ਪਾਣੀ, ਖਾਧ ਪਦਾਰਥ, ਬੈਟਰੀ ਨਾਲ ਚੱਲਣ ਵਾਲਾ/ਕਰੈਂਕ ਰੇਡਿਓ/ਫਲੈਸ਼ ਲਾਈਟ, ਵਧੀਕ ਬੈਟਰੀਆਂ ਜਾਂ ਵੈਦਰਰੇਡੀਓ।
- ਮਹੱਤਵਪੂਰਨ ਕਾਗਜ਼ਾਤ ਇਕੱਠੇ ਕਰੋ, ਜਿਵੇਂ ਪਾਸਪੋਰਟ, ਜਨਮ ਸਰਟੀਫਿਕੇਟ, ਬੈਂਕ ਦੇ ਪੇਪਰ, ਅਤੇ ਇੰਸ਼ੋਰੈਂਸ ਦੇ ਪੇਪਰ ਅਤੇ ਉਨ੍ਹਾਂ ਨੂੰ ਕਿਸੇ ਸੁਰੱਖਿਅਤ, ਜ਼ਮੀਨ ਤੋਂ ਉੱਚੀ ਥਾਂ 'ਤੇ ਸੰਭਾਲ ਕੇ ਰੱਖੋ।
- ਜੇਕਰ ਤੁਹਾਡੇ ਕੋਲ ਗੱਡੀ ਹੈ, ਉਸਦੀ ਟੈਂਕੀ ਭਰ ਕੇ ਰੱਖੋ, ਕਿਸੇ ਹਾਲਤ 'ਚ ਜੇਕਰ ਫਿਊਲ ਸਟੇਸ਼ਨਾਂ ਦੀ ਬਿਜਲੀ ਬੰਦ ਹੋ ਜਾਵੇ ਜਾਂ ਉਹ ਬੰਦ ਹੋ ਜਾਣ। ਇਕ ਵਹੀਕਲ ਕਿੱਟ ਬਣਾ ਕੇ ਰੱਖੋ ਅਤੇ ਉਸ 'ਚ ਵਧੀਕ ਫੋਨ ਚਾਰਜਰ, ਜ਼ਰੂਰੀ ਅਡੈਪਟਰਾਂ ਸਮੇਤ ਰੱਖੋ।

ਪਤਾ ਰੱਖੋ ਕਿ ਕਿਸੇ ਐਮਰਜੈਂਸੀ ਦੌਰਾਨ ਤੁਹਾਡੀ ਕਮਿਊਨਿਟੀ ਕਿਹੜੀ ਥਾਂ 'ਤੇ ਜ਼ਰੂਰੀ ਜਾਣਕਾਰੀ ਅਤੇ ਅੱਪਡੇਟਾਂ ਪਾਉਂਦੀ ਹੈ, ਅਤੇ ਜ਼ਰੂਰੀ, ਜ਼ਿੰਦਗੀ ਬਚਾਊ ਚਿਤਾਵਨੀਆਂ ਵਾਸਤੇ ਐਲਬਰਟਾ ਐਮਰਜੈਂਸੀ ਅਲਰਟ ਐਪ ਡਾਊਨਲੋਡ ਕਰਨਾਂ ਯਕੀਨੀ ਬਣਾਉ।

### ਆਪਣਾ ਘਰ ਅਤੇ ਸਮਾਨ ਸੁਰੱਖਿਅਤ ਕਰੋ

- ਬੇਸਮੈਂਟ ਦੀਆਂ ਖਿੜਕੀਆਂ ਅਤੇ ਜ਼ਮੀਨ ਦੀ ਪੱਧਰ ਵਾਲੇ ਦਰਵਾਜ਼ਿਆਂ ਦੁਆਲੇ ਮੌਸਮੀ ਸੁਰੱਖਿਆ ਵਾਲਾ ਸੀਲੈਂਟ ਪਾ ਦਿਉ।



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi

- ਯਕੀਨੀ ਬਣਾਉ ਕਿ ਜਲ-ਨਿਕਾਸੀ ਪਰਨਾਲੇ ਪਾਣੀ ਨੂੰ ਪ੍ਰਾਪਰਟੀ ਤੋਂ ਪਰਾਂ ਸੁੱਟਣ।
- ਬੇਸਮੈਂਟ ਦੇ ਫਲੋਰ ਦੀਆਂ ਡਰੇਨਾਂ 'ਚ ਸੰਪ ਪੰਪ ਅਤੇ ਜ਼ੀਰੋ ਰਿਵਰਸ ਫਲੋ ਵਾਲਵ ਲਗਾ ਦਿਉ।

### ਪਾਲਤੂਆਂ ਅਤੇ ਮਾਲ-ਡੰਗਰ ਨੂੰ ਸੁਰੱਖਿਅਤ ਕਰੋ

- ਘਰ ਖਾਲੀ ਕਰਵਾਉਣ ਦੀ ਸਥਿਤੀ 'ਚ ਪਾਲਤੂਆਂ ਵਾਸਤੇ ਯੋਜਨਾਂ ਬਣਾ ਕੇ ਰੱਖੋ। ਸੋਚ ਕੇ ਰੱਖੋ ਕਿ ਉਹ ਕਿੱਥੇ ਲਿਜਾਏ ਅਤੇ ਕਿਵੇਂ ਲਿਜਾਏ ਹਨ।

**ਪਾਣੀ ਸ਼ਕਤੀਮਾਨ ਹੈ। ਚੱਲਦੇ ਪਾਣੀ ਦਾ 6 ਇੰਚ ਉੱਪਰ ਚੜ੍ਹਨਾਂ ਇਕ ਬਾਲਗ ਵਿਅਕਤੀ ਨੂੰ ਵਹਾ ਸਕਦਾ ਹੈ, 12 ਇੰਚ, ਕਾਰ ਨੂੰ ਰੋਹੜ ਸਕਦਾ ਅਤੇ 2 ਫੁੱਟ ਕਿਸੇ ਐੱਸ ਯੂ ਵੀ ਨੂੰ ਰੋਹੜ ਕੇ ਲਿਜਾ ਸਕਦਾ ਹੈ। ਕਦੇ ਵੀ ਹੜ੍ਹ ਵਾਲੇ ਏਰੀਏ ਨੂੰ ਪਾਰ ਕਰਨ ਦਾ ਯਤਨ ਨਾ ਕਰੋ।**

## ਹੜ੍ਹ ਦੇ ਦੌਰਾਨ

ਜੇਕਰ ਤੁਹਾਡੇ ਏਰੀਏ 'ਚ ਹੜ੍ਹ ਆਉਣ ਦਾ ਖਤਰਾ ਹੈ ਤਾਂ ਛੱਡਣ ਲਈ ਤਿਆਰ ਰਹੋ। ਹੇਠ ਲਿਖਿਆਂ 'ਤੇ ਵਿਚਾਰ ਕਰੋ:

### ਛੱਡਣ ਲਈ ਤਿਆਰ ਰਹੋ

- ਅਧਿਕਾਰੀਆਂ ਵੱਲੋਂ ਦਿੱਤੀਆਂ ਅੱਪਡੇਟਾਂ ਨੂੰ ਸੁਣਨ ਦੁਆਰਾ ਸਥਿਤੀ ਦੀ ਜਾਣਕਾਰੀ ਰੱਖੋ। ਯਕੀਨੀ ਬਣਾਉ ਕਿ ਅਧਿਕਾਰੀਆਂ ਵੱਲੋਂ ਦਿੱਤੀਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇ।
- ਆਪਣੇ ਮਹੱਤਵਪੂਰਨ ਦਸਤਾਵੇਜ਼ਾਂ ਸਮੇਤ ਆਪਣੀ ਐਮਰਜੈਂਸੀ ਕਿੱਟ ਚੱਲਣ ਲਈ ਤਿਆਰ ਰੱਖੋ।

### ਆਪਣਾ ਘਰ ਅਤੇ ਸਮਾਨ ਸੁਰੱਖਿਅਤ ਕਰੋ

- ਆਪਣੇ ਬਿਜਲੀ ਜਾਂ ਫਿਊਲ ਸਪਲਾਇਰ ਨਾਲ ਹਿਦਾਇਤਾਂ ਲੈਣ ਲਈ ਗੱਲ ਕਰੋ ਕਿ ਆਪਣੇ ਬਿਜਲੀ, ਕੁਦਰਤੀ ਗੈਸ ਜਾਂ ਪ੍ਰੋਪੇਨ ਵਾਲੇ ਸਾਜ਼-ਸਮਾਨ ਨੂੰ ਕਿਵੇਂ ਸੁਰੱਖਿਅਤ ਕਰਨਾਂ ਹੈ।
- ਜੇਕਰ ਕੋਈ ਪਾਣੀ ਆ ਗਿਆ ਹੈ ਤਾਂ ਬਿਜਲੀ ਬੰਦ ਨਾ ਕਰੋ।
- ਫਰਨੀਚਰ, ਬਿਜਲੀ ਵਾਲੇ ਐਪਲਾਇੰਸ ਅਤੇ ਹੋਰ ਸਮਾਨ ਨੂੰ ਜ਼ਮੀਨ ਨਾਲੋਂ ਉੱਚੇ ਫਲੋਰਾਂ 'ਤੇ ਲੈ ਜਾਵੋ।
- ਜ਼ਹਿਰਲੀਆਂ ਵਸਤਾਂ ਜਿਵੇਂ ਕੀੜੇਮਾਰ ਦਵਾਈ ਅਤੇ ਕੀਟਨਾਸ਼ਕਾਂ ਨੂੰ ਹੜ੍ਹ ਵਾਲੇ ਏਰੀਏ 'ਚੋਂ ਬਾਹਰ ਕੱਢ ਲਵੋ ਤਾਂ ਜੋ ਪ੍ਰਦੂਸ਼ਣ ਤੋਂ ਬਚਾਅ ਰਹੇ।
- ਟਾਇਲਟ ਬਾਊਲਾਂ ਨੂੰ ਹਟਾ ਲਉ ਅਤੇ ਬੇਸਮੈਂਟਾਂ ਦੀਆਂ ਸਿਊਰ ਡਰੇਨਾਂ ਤੇ ਟਾਇਲਟ ਕੁਨੈਕਸ਼ਨਾਂ ਨੂੰ ਲੱਕੜੀ ਦੇ ਸਟਾਪਰਾਂ ਨਾਲ ਬੰਦ ਕਰ ਦਿਉ।
- ਈਵਜ਼ਟਰੋਅ ਨੂੰ ਅਲੱਗ ਕਰ ਦਿਉ ਜੇਕਰ ਉਹ ਘਰ ਦੇ ਸਿਊਰ ਨਾਲ ਜੋੜੇ ਹੋਏ ਹਨ।
- ਪ੍ਰਾਪਰਟੀਆਂ ਦਾ ਰੇਤ ਦੇ ਬੈਗਾਂ ਜਾਂ ਹੋਰ ਰੋਕਾਂ ਨਾਲ ਬਚਾਅ ਕੀਤਾ ਜਾ ਸਕਦਾ ਹੈ। ਇਸ ਪਹੁੰਚ ਲਈ ਅਧਿਕਾਰੀਆਂ ਕੋਲੋਂ ਵਿਸ਼ੇਸ਼ ਨਿਰਦੇਸ਼ ਲੈਣ ਦੀ ਜ਼ਰੂਰਤ ਹੈ।

### ਪਾਲਤੂਆਂ ਅਤੇ ਮਾਲ-ਡੰਗਰ ਨੂੰ ਸੁਰੱਖਿਅਤ ਕਰੋ

- ਫਾਰਮ ਪਸ਼ੂਆਂ ਜਾਨਵਰਾਂ ਨੂੰ ਬੰਦ ਨਾ ਕਰੋ, ਜਿਵੇਂ ਤਬੇਲਿਆਂ ਵਿਚ। ਉਹ ਜੇਕਰ ਅੰਦਰ ਘੇਰੇ ਗਏ ਤਾਂ ਡੁੱਬ ਸਕਦੇ ਹਨ।.

## ਸਥਾਨ ਖਾਲੀ ਕਰਨ ਦੀਆਂ ਚਿਤਾਵਨੀਆਂ ਅਤੇ ਹੁਕਮ

ਕੁਝ ਐਮਰਜੈਂਸੀਆਂ ਅਧਿਕਾਰੀਆਂ ਨੂੰ ਸਥਾਨ ਖਾਲੀ ਕਰਨ ਲਈ ਚਿਤਾਵਨੀਆਂ ਜਾਂ ਖਾਲੀ ਕਰਨ ਦੇ ਹੁਕਮ ਜਾਰੀ ਕਰਨ ਤੱਕ ਲੈ ਜਾਂਦੀਆਂ ਹਨ।

- **ਖਾਲੀ ਕਰਨ ਦੀਆਂ ਚਿਤਾਵਨੀਆਂ** ਲੋਕਾਂ ਨੂੰ ਕਿਸੇ ਸੰਭਾਵੀ ਜਾਂ ਮੌਜੂਦਾ ਖਤਰੇ ਬਾਰੇ ਅਗਾਊਂ ਸੁਚੇਤ ਕਰਦੀਆਂ ਹਨ। ਖਾਲੀ ਕਰਨ ਦੀ ਕੋਈ ਚਿਤਾਵਨੀ ਅਗਾਂਹ ਖਾਲੀ ਕਰਨ ਦੇ ਹੁਕਮ ਤੱਕ ਪਹੁੰਚ ਸਕਦੀ ਹੈ। ਜੇਕਰ ਕੋਈ ਚਿਤਾਵਨੀ ਜਾਰੀ ਹੁੰਦੀ ਹੈ ਤਾਂ ਤੁਹਾਨੂੰ ਸਥਾਨ ਖਾਲੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।
- **ਖਾਲੀ ਕਰਨ ਦੇ ਹੁਕਮ** ਉਦੋਂ ਜਾਰੀ ਕੀਤੇ ਜਾਂਦੇ ਹਨ ਜਦੋਂ ਲੋਕਾਂ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਜ਼ਰੂਰੀ ਤੌਰ 'ਤੇ ਉਥੋਂ ਨਿਕਲਣਾ ਪੈਂਦਾ ਹੈ।

### ਸਥਾਨ ਖਾਲੀ ਕਰਨ ਸਬੰਧੀ ਬਚਾਅ ਦੇ ਨੁਕਤੇ

- ਨੀਵੇਂ ਏਰੀਏ, ਜਿਵੇਂ ਖੱਡਾਂ ਜਾਂ ਸੁਰੰਗਾਂ ਤੋਂ ਪਰ੍ਹੇ ਰਹੋ ਜਿੱਥੇ ਝਟਪਟ ਹੜ੍ਹ ਆ ਸਕਦਾ ਹੈ।
- ਜੇਕਰ ਤੁਸੀਂ ਤੇਜ਼ੀ ਨਾਲ ਚੜ੍ਹ ਰਹੇ ਪਾਣੀ 'ਚ ਫਸ ਜਾਂਦੇ ਹੋ ਅਤੇ ਤੁਹਾਡੀ ਗੱਡੀ ਰੁਕ ਜਾਂਦੀ ਹੈ ਤਾਂ ਆਪਣੇ ਅਤੇ ਆਪਣੀਆਂ ਸਵਾਰੀਆਂ ਦੇ ਬਚਾਅ ਲਈ ਉਸਨੂੰ ਛੱਡ ਦਿਉ।
- ਖਾਲੀ ਕਰਨ ਲਈ ਅਧਿਕਾਰੀਆਂ ਵੱਲੋਂ ਦੱਸੇ ਗਏ ਰੂਟ ਹੀ ਅਪਣਾਉ। ਸ਼ਾਰਟਕੱਟ ਨਾ ਮਾਰੋ। ਉਹ ਤੁਹਾਨੂੰ ਰੁਕ ਗਏ ਜਾਂ ਖਤਰਨਾਕ ਥਾਵਾਂ ਵੱਲ ਲਿਜਾ ਸਕਦੇ ਹਨ।
- ਬੱਤੀਆਂ ਜਗਾ ਕੇ ਧਿਆਨ ਨਾਲ ਚਲਾਉ। ਪੈਦਲ ਤੁਰਨ ਵਾਲਿਆਂ ਅਤੇ ਐਮਰਜੈਂਸੀ ਵਾਹਨਾਂ ਲਈ ਰਸਤਾ ਛੱਡੋ।
- ਦਲਦਲ ਵਾਲੇ ਥਾਵਾਂ 'ਤੇ ਰੁਕੋ। ਚੈੱਕਪੁਆਂਇੰਟਾਂ 'ਤੇ ਰਿਪੋਰਟ ਕਰੋ ਅਤੇ ਨਿਰਦੇਸ਼ਾਂ ਵਾਸਤੇ ਉਡੀਕ ਕਰੋ।

## ਹੋਰ ਜਾਣਕਰੀ ਲਈ

ਹੇਠ ਲਿਖਿਆਂ ਬਾਰੇ ਸਾਡੀਆਂ ਹੋਰ ਤੱਥ ਸ਼ੀਟਾਂ ਪੜ੍ਹੋ:

- ਹੜ੍ਹ ਤੋਂ ਮਗਰੋਂ ਕੀ ਕਰਨਾਂ ਹੈ
- ਬਹੁਤ ਖਰਾਬ ਮੌਸਮ, ਜੰਗਲੀ ਅੱਗ, ਬਿਜਲੀ ਜਾਂ ਪਾਣੀ ਚਲੇ ਜਾਣ ਅਤੇ ਹੋਰ ਸਮੇਤ ਖਤਰਿਆਂ ਦੀ ਵਿਸ਼ੇਸ਼ ਜਾਣਕਾਰੀ।

ਤੁਸੀਂ ਤਿਆਰੀ ਬਾਰੇ ਵਧੇਰੇ ਜਾਣਕਾਰੀ **Alberta.ca**, ਦੁਆਰਾ ਜਾਂ ਆਪਣੀ ਕਮਿਊਨਿਟੀ ਦੇ ਡਾਇਰੈਕਟਰ ਆਫ ਐਮਰਜੈਂਸੀ ਮੈਨੇਜਮੈਂਟ ਨਾਲ ਸੰਪਰਕ ਕਰਕੇ ਲੈ ਸਕਦੇ ਹੋ।


ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi